# ਸਮੇਂ ਦੇ ਤਿੰਨ ਰੰਗ


ਸ. ਸ. 'ਅਮੋਲ'

ਪ੍ਰਿੰਸੀਪਲ

ਗੁਰੂ ਰਾਮਦਾਸ ਕਾਲਜ, ਅੰਮ੍ਰਿਤਸਰ



G-201

DYAL SINGH LIBRARY



ਲਾਲਾ ਦੇਵੀ ਦਾਸ ਜਾਨਕੀ ਦਾਸ ਪੁਸਤਕਾਂ ਵਾਲੇ,

ਬਾਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਦੂਜੀ ਵਾਰ ਮਈ ੧੯੪੦ ਮੁਲ ਸਣੇ ਜਿਲਦ ।।। ≡ )

੮੬੩॥

ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਕਟੜਾ ਜਲ੍ਹਿਆਂ ਵਾਲਾ, ਅੰਮ੍ਰਿਤਸਰ ਵਿਚ
ਸ੍ਰ: ਜਮੀਅਤ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੇ ਤੇ ਲਾ: ਜਾਨਕੀ ਦਾਸ
ਮਾਲਕ—ਲਾ: ਦੇਵੀ ਦਾਸ ਜਾਨਕੀ ਦਾਸ ਬਾਜ਼ਾਰ ਮਾਈ ਸੇਵਾਂ,
ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੇ ॥

# ਸਮੇਂ ਦੇ ਤਿੰਨ ਰੰਗ

# ਮੁਖ-ਬੰਧ

ਪੰਜਾਬੀ ਵਿਚ ਨਾਟਕਾਂ ਦੀ ਥੁੜ ਹੈ, ਕਿਉਂਕਿ ਇਥੇ ਭਾਈਚਾਰੇ ਦੇ ਅਸਲੀ ਨਾਟ-ਘਰ ਵਿਚ ਮਨੁੱਖੀ ਪਾਤਰਾਂ ਨੂੰ ਉਹ ਖੁਲ੍ਹ ਨਹੀਂ ਜਿਸ ਦੇ ਆਸਰੇ ਉਹ ਆਪਣੇ ਖਿਆਲ ਤੇ ਵਲਵਲੇ ਪੂਰੀ ਤਰ੍ਹਾਂ ਜ਼ਾਹਰ ਕਰ ਸਕਣ। ਨਾਟਕ ਉਸੇ ਵੇਲੇ ਪਰਗਟ ਹੁੰਦਾ ਹੈ ਜਦੋਂ ਲੋਕਾਂ ਦੀ ਜ਼ਿੰਦਗੀ ਆਪਣੇ ਹੱਥ ਹੁੰਦੀ ਹੈ। ਜਦ ਉਨ੍ਹਾਂ ਦੀ ਰਹਿਣੀ ਉਤੇ ਕਿਸੇ ਹੋਰ ਦਾ ਦੱਬਾ ਹੋਵੇ, ਤਦ ਉਹ ਗਿਆਨ ਤੇ ਵਿਚਾਰ ਦੀਆਂ ਗੱਲਾਂ ਕਰਦੇ ਹਨ। ਇੰਗਲਿਸਤਾਨ ਉਤੇ ਜਦ ਤੋੜੀ ਰੂਮ, ਫਰਾਂਸ ਜਾਂ ਕਿਸੇ ਹੋਰ ਦੇ ਧਾਰਮਕ ਜਾਂ ਰਾਜਸੀ ਦੱਬੇ ਦਾ ਜ਼ੋਰ ਸੀ, ਤਦ ਤੋੜੀ ਅੰਗ੍ਰੇਜ਼ਾਂ ਦੀ ਆਪਣੀ ਸਾਹਿੱਤ, ਖਾਸ ਕਰਕੇ ਡਰਾਮੇ, ਦਾ ਕੋਈ ਉਘਾ ਨਿਸ਼ਾਨ ਨਹੀਂ ਸੀ; ਪਰ ਜਦ ੧੬ਵੀਂ ਸਦੀ ਦੇ 'ਧਾਰਮਕ ਸੁਧਾਰ' ਦੇ ਨਾਲ ਰੂਮ ਦੇ ਅਸਰ ਤੋਂ ਛੁਟਕਾਰਾ ਮਿਲਿਆ ਅਤੇ ਮਲਕਾ ਇਲਿਜ਼ਬੱਥ ਦੇ ਵੇਲੇ ਸਪੇਨ ਜਹੀ ਵੱਡੀ ਤਾਕਤ ਦਾ ਮੂੰਹ ਮੋੜ ਦਿੱਤਾ ਗਿਆ ਤਾਂ ਸ਼ੇਕਸਪੀਅਰ ਜਹੇ ਉਘੇ ਨਾਟਕ-ਕਾਰ ਪੈਦਾ ਹੋ ਗਏ ਅਤੇ ਸਾਰੀ ਦੀ ਸਾਰੀ ਕੌਮ ਦਾ ਸ਼ੌਂਕ ਡਰਾਮੇ ਵਲ ਝੁਕ ਪਿਆ। ਉਪਰੰਤ ਅੰਗ੍ਰੇਜ਼ਾਂ ਦੀ ਕੌਮੀ ਬ੍ਰਿਤੀ ਕੁਝ ਨੀਵੀਂ ਜਹੀ ਹੋ ਗਈ ਅਤੇ ਬਾਹਰ ਦੀਆਂ ਮੱਲਾਂ ਮਾਰਨ ਦੀ ਥਾਂ ਘਰਾਂ ਜਾਂ ਚਾਹ-ਖਾਨਿਆਂ ਵਿਚ ਬਹਿ ਕੇ ਗੱਲਾਂ ਮਾਰਨ ਨੂੰ ਹੀ ਵੱਡਾ ਕੰਮ ਸਮਝਿਆ ਜਾਣ ਲੱਗਾ।

# TO READ THE ENTIRE BOOK PLEASE CONTACT US:

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.